ਸਾਹਿਤਕ ਕਵੀ, ਕਹਾਣੀਕਾਰ,
ਲੇਖਕ ਅਤੇ
ਗੀਤ ਸੰਗੀਤ ਵਿੱਚ ਰੁਚੀ
ਰੱਖਣ ਵਾਲਿਆਂ ਲਈ
ਫੋਟੋ ਅਤੇ ਆਪਣੀ ਨਿੱਜੀ
ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮਿਤੀ 06 ਫਰਵਰੀ ਵੀਰਵਾਰ 2025

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ



ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ

Dalbir Singh Kathuria, CEO
BRAMPTON CASH & CARRY
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

# ਟਰੈਵਲ ਏਜੰਟਾਂ ਨੇ ਉਜਾੜੇ ਕਈ ਘਰ ! ਹੁਣ ਐਕਸ਼ਨ ਮੋਡ ’ਚ ਸਰਕਾਰ

ਅੰਮ੍ਰਿਤਸਰ 06 ਫਰਵਰੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਅਮਰੀਕਾ ਵਿੱਚੋਂ ਗੈਰ-ਕਾਨੂੰਨੀ ਭਾਰਤੀਆਂ ਨੂੰ ਡਿਪੋਰਟ ਕਰਨ ਮਗਰੋਂ ਗੈਰ-ਕਾਨੂੰਨੀ ਟਰੈਵਲ ਏਜੰਟਾਂ ਦਾ ਮੁੱਦਾ ਵੀ ਭਖ ਗਿਆ ਹੈ। ਪਿਛਲੇ ਲੰਬੇ ਸਮੇਂ ਤੋਂ ਸਰਕਾਰਾਂ ਫਰਜ਼ੀ ਟਰੈਵਲ ਏਜੰਟਾਂ ਉਪਰ ਸ਼ਿਕੰਜਾ ਕੱਸਣ ਦੇ ਦਾਅਵੇ ਕਰਦੀਆਂ ਆ ਰਹੀਆਂ ਹਨ ਪਰ ਪੰਜਾਬ ਵਿੱਚ ਗੈਰ-ਕਾਨੂੰਨੀ ਟਰੈਵਲ ਏਜੰਟਾਂ ਤੇ ਅਪਰਾਧੀਆਂ ਦਾ ਗਠਜੋੜ ਲਗਾਤਾਰ ਵਧ-ਫੁੱਲ ਰਿਹਾ ਹੈ। ਅਹਿਮ ਗੱਲ ਹੈ ਕਿ ਇਹ ਧੰਦਾ ਅੰਦਰ-ਖਾਤੇ ਨਹੀਂ ਸਗੋਂ ਸ਼ਰੇਆਮ ਹੋ ਰਿਹਾ ਹੈ। ਉਧਰ, ਭਾਰਤ ਸਰਕਾਰ ਹੁਣ ਐਕਸ਼ਨ ਮੋਡ ਵਿੱਚ ਹੈ। ਕੇਂਦਰ ਸਰਕਾਰ ਨੇ ਗੈਰ-ਕਾਨੂੰਨੀ ਟਰੈਵਲ ਏਜੰਟਾਂ ਦੀ ਰਿਪੋਰਟ ਮੰਗਵਾ ਲਈ ਹੈ। ਇਸ ਦੇ ਨਾਲ ਹੀ ਪੰਜਾਬ ਸਰਕਾਰ ਵੀ ਚੌਕਸ ਹੋ ਗਈ ਹੈ। ਅਗਲੇ ਦਿਨਾਂ ਵਿੱਚ ਗੈਰ-ਕਾਨੂੰਨੀ ਟਰੈਵਲ ਏਜੰਟਾਂ ਖਿਲਾਫ ਸ਼ਿਕੰਜ ਕੱਸਿਆ ਜਾਏਗਾ।




## ਲੱਖਾਂ ਪਰਿਵਾਰਾਂ ਨੂੰ ਬਰਬਾਦ ਕਰ ਚੁੱਕੇ ਹਨ ਗੈਰ-ਕਾਨੂੰਨੀ ਟਰੈਵਲ ਏਜੰਟ, ਝੁਕਾ ਰਹੇ ਦੇਸ਼ ਦਾ ਸਿਰ

ਮਾਪਿਆਂ ਨੂੰ ਕਰਜ ਦੇ ਮੱਕੜਜਾਲ ਵਿੱਚ ਫਸਾ ਕੇ ਪੰਜਾਬ ਤੋਂ ਅਮਰੀਕਾ ਗਏ 30 ਨੌਜਵਾਨਾਂ ਨੂੰ ਡਿਪੋਰਟ ਕੀਤਾ ਗਿਆ ਹੈ। ਇਹ ਉਹ ਨੌਜਵਾਨ ਹਨ, ਜਿਹੜੇ ਬੀਤੇ ਦਿਨ ਅਮਰੀਕਾ ਤੋਂ ਪਰਤੇ 104 ਭਾਰਤੀਆਂ ਵਿੱਚ ਸ਼ਾਮਲ ਹਨ। ਲੱਖਾਂ ਸੁਪਨੇ ਸਜਾ ਕੇ ਵਿਦੇਸ਼ ਗਏ ਇਨ੍ਹਾਂ ਲੋਕਾਂ ਨੇ ਇਹ ਸੋਚ ਕੇ ਕਰਜ਼ੇ ਲਏ ਸਨ ਕਿ ਉੱਥੇ ਜਾ ਕੇ ਡਾਲਰਾਂ ਵਿੱਚ ਕਮਾਈ ਕਰਨਗੇ ਅਤੇ ਕੁਝ ਹੀ ਸਮੇਂ ਵਿੱਚ ਇਹ ਕਰਜ਼ਾ ਲਾਹ ਦੇਣਗੇ, ਪਰ ਹੋਇਆ ਉਹ, ਜੋ ਇਨ੍ਹਾਂ ਨੇ ਦੂਰ-ਦੂਰ ਤੱਕ ਵੀ ਨਹੀਂ ਸੋਚਿਆ ਸੀ। ਬੇਸ਼ੱਕ ਹੁਣ ਇਹ ਨੌਜਵਾਨ ਵਾਪਸ ਆਪਣੇ ਘਰਾਂ ਨੂੰ ਪਰਤ ਆਏ ਹਨ, ਪਰ ਇਨ੍ਹਾਂ ਦੇ ਸੁਪਨਿਆਂ ਦਾ ਬਹੁਤ ਹੀ ਬੇਰਹਿਮੀ ਨਾਲ ਕਤਲ ਹੋ ਚੁੱਕਾ ਹੈ ਅਤੇ ਇਨ੍ਹਾਂ ਸੁਪਨਿਆਂ ਦੇ ਕਾਤਲ ਹਨ ਉਹ ਲੋਕ, ਜਿਨ੍ਹਾਂ ਨੇ ਪੈਸਿਆਂ ਦੇ ਲਾਲਚ ਵਿੱਚ ਨਾ ਸਿਰਫ਼ ਇਨ੍ਹਾ ਦੇ ਮਾਪਿਆਂ ਦੇ ਸਿਰ ਤੇ ਕਰਜ਼ੇ ਦੀ ਭਾਰੀ ਪੰਡ ਬੰਨ੍ਹੀਸਗੋਂ ਇਨ੍ਹਾਂ ਨੂੰ ਵੀ ਕਿਧਰੇ ਦਾ ਨਹੀਂ ਛੱਡਿਆ।

ਅਸੀਂ ਗੱਲ ਕਰ ਰਹੇ ਹਾਂ ਉਨ੍ਹਾਂ ਗੈਰ-ਕਾਨੂੰਨੀਟਰੈਵਲ ਏਜੰਟਾਂ ਦੀ ਜਿਨ੍ਹਾਂ ਨੇ ਪੂਰੇ ਪੰਜਾਬ ਵਿੱਚ ਅਜਿਹੇ ਭੋਲੇ-ਭਾਲੇ ਨੌਜਵਾਨਾਂ ਦਾ ਸ਼ਿਕਾਰ ਕਰਨ ਲਈ ਜਾਲ ਵਿਛਾਈਆਂ ਹੋਇਆ ਹੈ। ਇਹ ਲੋਕ ਨੌਜਵਾਨਾਂ ਨੂੰ ਇਸ ਤਰ੍ਹਾਂ ਦੇ ਹਸੀਨ ਸੁਪਨੇ ਦਿਖਾਉਂਦੇ ਹਨ ਕਿ ਉਹ ਕਿਸੇ ਵੀ ਕੀਮਤ ਤੇ ਚੰਗੀ ਜ਼ਿੰਦਗੀ ਦੀ ਚਾਹ ਵਿੱਚ ਵਿਦੇਸ਼ ਜਾਣ ਨੂੰ ਮਜਬੂਰ ਹੋ ਜਾਂਦੇ ਹਨ। ਫਿਰ ਉਹ ਕੀਮਤ ਭਾਵੇਂ ਉਨ੍ਹਾਂ ਦੀ ਜਾਨ ਹੀ ਕਿਉਂ ਨਾ ਹੋਵੇ। ਬੱਚਿਆਂ ਦੀ ਜ਼ਿੱਦ ਅੱਗੇ ਮਾਪੇ ਵੀ ਗੋਡੇ ਟੇਕ ਦਿੰਦੇ ਹਨ ਤੇ ਬੈਂਕਾਂ ਅਤੇ ਸਾਹੂਕਾਰਾਂ ਤੋਂ ਕਰਜਾ ਲੈਣ ਦੇ ਨਾਲ-ਨਾਲ ਔਲਾਦ ਤੋਂ ਵੀ ਪਿਆਰੀ ਆਪਣੀ ਜ਼ਮੀਨ ਵੀ ਵੇਚਣ ਤੋਂ ਗੁਰੇਜ ਨਹੀਂ ਕਰਦੇ ਹਨ।

ਟਰੈਵਲ ਏਜੰਟ ਨੂੰ ਜਿਵੇਂ ਹੀ ਪਤਾ ਲੱਗਦਾ ਹੈ ਕਿ ਉਸਦਾ ਸ਼ਿਕਾਰ ਪੂਰੀ ਤਰ੍ਹਾਂ ਨਾਲ ਉਸਦੇ ਸ਼ਿਕੰਜੇ ਵਿੱਚ ਆਣ ਨੂੰ ਤਿਆਰ ਹੈ ਤਾਂ ਉਹ ਆਪਣੇ ਨਾਲ ਜੁੜੇ ਅਪਰਾਧੀਆਂ ਨੂੰ ਸਰਗਰਮ ਕਰ ਦਿੰਦੇ ਹਨ। ਇਹ ਅਪਰਾਧੀ ਉਹ ਹੁੰਦੇ ਹਨ, ਜਿਹੜੇ ਇਨ੍ਹਾਂ ਨੌਜਵਾਨਾਂ ਨੂੰ ਡੌਂਕੀ ਲਗਵਾ ਕੇ ਗੈਰ-ਕਾਨੂੰਨੀ ਤਰੀਕੇ ਨਾਲ ਇੱਕ ਤੋਂ ਬਾਅਦ ਇੱਕ ਕਈ ਦੇਸ਼ਾਂ ਦੀਆਂ ਸਰਹੱਦਾਂ ਪਾਰ ਕਰਵਾ ਕੇ ਅਮਰੀਕਾ ਅਤੇ ਕੈਨੇਡਾ ਤੱਕ ਪਹੁੰਚਾਉਂਦੇ ਹਨ।

## ਪੁਲਿਸ ਦਾ ਚੱਲਿਆ ਡੰਡਾ, ਪਰ ਨਹੀਂ ਰੁੱਕਿਆ ਧੰਦਾ

ਇਸ ਅਪਰਾਧਿਕ ਗੱਠਜੋੜ ਦਾ ਅੰਦਾਜ਼ਾ ਪੁਲਿਸ ਵੱਲੋਂ ਕੀਤੀਆਂ ਐਫ.ਆਈ.ਆਰ ਤੋਂ ਲਗਾਇਆ ਜਾ ਸਕਦਾ ਹੈ। ਬੀਤੇ ਸਾਲ ਅਗਸਤ ਅਤੇ ਸਤੰਬਰ 2024 ਦੇ ਮਹੀਨਿਆਂ ਵਿੱਚ ਗੈਰ-ਕਾਨੂੰਨੀ ਟਰੈਵਲ ਏਜੰਟਾਂ ਵਿਰੁੱਧ 26 ਐਫ.ਆਈ.ਆਰ ਦਰਜ਼ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਸ਼ਾਮਲ 34 ਮੁਲਜ਼ਮਾਂ ਤੋਂ 25 ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ।

## ਐਨ.ਆਰ.ਆਈ ਥਾਣਿਆਂ ਵਿੱਚ 18 ਨਵੀਆਂ ਐਫ.ਆਈ.ਆਰ ਦਰਜ਼

ਜੇਕਰ ਐਨ.ਆਰ.ਆਈ ਥਾਣਿਆਂ ਦੀ ਗੱਲ ਕਰੀਏ ਤਾਂ ਪਿਛਲੇ ਸਾਲ ਸਤੰਬਰ ਅਤੇ ਅਕਤੂਬਰ ਵਿੱਚ, ਅੰਮ੍ਰਿਤਸਰ, ਐਸਏਐਸ ਨਗਰ, ਲੁਧਿਆਣਾ ਅਤੇ ਪਟਿਆਲਾ ਜ਼ਿਲ੍ਹਿਆਂ ਵਿੱਚ ਇਮੀਗ੍ਰੇਸ਼ਨ ਐਕਟ ਦੀ ਧਾਰਾ 24/25 ਤਹਿਤ ਕੁੱਲ 18 ਨਵੀਆਂ ਐਫ.ਆਈ.ਆਰ ਦਰਜ਼ ਕੀਤੀਆਂ ਗਈਆਂ ਸਨ।

ਬੀਤੇ 6 ਮਹੀਨਿਆਂ ਦੌਰਾਨ ਇਨ੍ਹਾਂ ਗੈਰ-ਕਾਨੂੰਨੀ ਟਰੈਵਲ ਏਜੰਟਾਂ ਖਿਲਾਫ਼ 43 ਮਾਮਲੇ ਦਰਜ਼ ਕੀਤੇ ਗਏ । ਹਾਲਾਂਕਿ, ਇਨ੍ਹਾਂ ਵਿੱਚ ਕਿੰਨਿਆਂ ਦੀ ਗ੍ਰਿਫਤਾਰੀ ਹੋਈ, ਇਹ ਅੰਕੜਾ ਸਾਹਮਣੇ ਨਹੀਂ ਆ ਸਕਿਆ ਹੈ।

## ਇਨ੍ਹਾਂ ਸੂਬਿਆਂ ‘ਚ ਵੀ ਵੱਧ ਰਿਹਾ ਕਾਰੋਬਾਰ

ਸਰਕਾਰ ਦੀ ਸਖ਼ਤੀ ਦੇ ਬਾਵਜੂਦ ਇਹ ਟਰੈਵਲ ਏਜੰਟ ਚੋਰੀ-ਛਿੱਪੇ ਆਪਣਾ ਨੈਕਸਸ ਚਲਾ ਰਹੇ ਹਨ। ਇਹ ਲੋਕ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨਾਂ ਨੂੰ ਵਰਗਲਾ ਕੇ ਭਾਰਤ ਤੋਂ ਬਾਹਰ ਭੇਜ ਦਿੰਦੇ ਹਨ।

ਕਈ ਤਾਂ ਅਮਰੀਕਾ-ਕੈਨੇਡਾ ਭੇਜਣ ਦਾ ਵਾਅਦਾ ਕਰਕੇ ਨਾਈਜੀਰਿਆ, ਫਿਲੀਪੀਂਸ ਅਤੇ ਮੈਕਸੀਕੋ ਵਰਗ ਹੋਰ ਛੋਟੇ-ਛੋਟੇ ਦੇਸ਼ਾਂ ਵਿੱਚ ਇਨ੍ਹਾਂ ਨੂੰ ਛੱਡ ਦਿੰਦੇ ਹਨ। ਸਰਕਾਰ ਲਗਾਤਾਰ ਅਜਿਹੇ ਅਪਰਾਧੀਆਂ ਖ਼ਲਾਫ਼ ਕਾਰਵਾਈ ਕਰ ਰਹੀ ਹੈ, ਪਰ ਫਿਰ ਵੀ ਇਹ ਲਗਾਤਾਰ ਆਪਣੇ ਧੰਦੇ ਨੂੰ ਅੱਗੇ ਵਧਾ ਰਹੇ ਹਨ।

## ਵਿਦੇਸ਼ ਮੰਤਰਾਲੇ ਨੇ ਮੰਨਿਆਂ ਸੀ ਦੇਸ਼ ਭਰ ਵਿੱਚ ਗੈਰ-ਕਾਨੂੰਨੀ ਟਰੈਵਲ ਏਜੰਟਾਂ ਦੀ ਗਿਣਤੀ 3,094

ਪੰਜਾਬ ਤੋਂ ਬਾਅਦ ਗੁਜਰਾਤ, ਆਂਧਰਾ ਪ੍ਰਦੇਸ਼ ਉੱਤਰ ਪ੍ਰਦੇਸ਼, ਤਮਿਲਨਾਡੂ ਅਤੇ ਮਹਾਰਾਸ਼ਟਰ ਅਜਿਹੇ ਸੂਬੇ ਹਨ, ਜਿੱਥੋਂ ਦੇ ਨੌਜਵਾਨਾਂ ਨੂੰ ਵੀ ਬਾਹਰ ਜਾਣ ਦੀ ਲਾਲਸਾ ਸਭ ਤੋਂ ਜਿਆਦਾ ਰਹਿੰਦੀ ਹੈ। ਪੰਜਾਬ ਤੋਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੁਆਰਾ ਪੁੱਛੇ ਗਏ ਇੱਕ ਸਵਾਲ ਦਾ ਜਵਾਬ ਦਿੰਦਿਆਂ ਵਿਦੇਸ਼ ਮੰਤਰਾਲੇ ਨੇ ਦੱਸਿਆ ਸੀ ਕਿ 28 ਨਵੰਬਰ 2024 ਨੂੰ ਦੇਸ਼ ਭਰ ਵਿੱਚ ਗੈਰ-ਕਾਨੂੰਨੀਟਰੈਵਲ ਏਜੰਟਾਂ ਦੀ ਗਿਣਤੀ 3,094 ਹੈ।

## ਸੂਬੇ ਮੁਤਾਬਕ ਟਰੈਵਲ ਏਜੰਟਾਂ ਦੀ ਸੰਖਿਆਂ

*ਉਸ ਸਮੇਂ ਸਭ ਤੋਂ ਵੱਧ ਆਂਧਰਾ ਪ੍ਰਦੇਸ਼ ਵਿੱਚ 471 ਟਰੈਵਲ ਏਜੰਟਾਂ ਦਾ ਨੈਕਸਸ ਦੱਸਿਆ ਗਿਆ ਸੀ, ਜਦਕਿ ਉੱਤਰ ਪ੍ਰਦੇਸ਼ ਵਿੱਚ 400, ਤਾਮਿਲਨਾਡੂ ਵਿੱਚ 360, ਮਹਾਰਾਸ਼ਟਰ ਵਿੱਚ 309, ਦਿੱਲੀ ਵਿੱਚ 292 ਅਤੇ ਪੰਜਾਬ ਵਿੱਚ 190 ਗੈਰ-ਕਾਨੂੰਨੀਟਰੈਵਲ ਏਜੰਟ ਦੱਸੇ ਗਏ ਸਨ। ਜੇਕਰ ਅਸੀਂ 2019 ਵਿੱਚ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੇ ਗਏ ਰਿਕਾਰਡਾਂ ਦੀ ਗੱਲ ਕਰੀਏ ਤਾਂ 17 ਮਾਰਚ, 2017 ਤੋਂ 10 ਅਕਤੂਬਰ, 2019 ਤੱਕ, ਸੂਬੇ ਵਿੱਚ ਗੈਰ-ਕਾਨੂੰਨੀਟਰੈਵਲ ਏਜੰਟਾਂ ਵਿਰੁੱਧ 2,140 ਅਪਰਾਧਿਕ ਮਾਮਲੇ ਦਰਜ਼ ਕੀਤੇ ਗਏ ਸਨ।*

## ਪੁਲਿਸ ਦੀ ਸਖ਼ਤੀ ਦਾ ਨਹੀਂ ਹੈ ਡਰ

*ਹਾਲਾਂਕਿ ਪੰਜਾਬ ਪੁਲਿਸ ਆਪਣੇ ਪੱਧਰ ਤੇ ਇਨ੍ਹਾਂ ਏਜੰਟਾਂ ਤੇ ਨਕੇਲ ਕੱਸਣ ਦੀ ਹਰ ਸੰਭਵ ਇਹ ਕੋਸ਼ਿਸ਼ ਕਰ ਰਹੀ ਹੈ ਪਰ ਗੁੱਪਚੁੱਪ ਤਰੀਕੇ ਨਾਲ ਇਹ ਮੁਲਜ਼ਮ ਉਨ੍ਹਾਂ ਨੌਜਵਾਨਾਂ ਦੇ ਸਹਾਰੇ ਆਪਣੀ ਝੋਲੀਆਂ ਭਰ ਰਹੇ ਹਨ, ਜੋ ਵਿਦੇਸ਼ ਜਾ ਕੇ ਚੰਗੀ ਜਿੰਦਗੀ ਦੀ ਚਾਹਤ ਦਾ ਸੁਪਨਾ ਪਾਲ ਕੇ ਇਨ੍ਹਾਂ ਦੇ ਸ਼ਿਕਾਰ ਬਣਦੇ ਹਨ। ਸਰਕਾਰ ਅਤੇ ਪੁਲਿਸ ਬਾਹਰ ਜਾਣ ਵਾਲੇ ਲੋਕਾਂ ਨੂੰ ਵਾਰ-ਵਾਰਇਹ ਅਪੀਲ ਵੀ ਕਰਦੀ ਰਹਿੰਦੀ ਹੈ ਕਿ ਵਿਦੇਸ਼ ਜਾਣ ਲਈ, ਸਿਰਫ਼ ਉਨ੍ਹਾਂ ਏਜੰਸੀਆਂ ਨਾਲ ਹੀ ਸੰਪਰਕ ਕਰੋ, ਜਿਨ੍ਹਾਂ ਕੋਲ ਇਮੀਗ੍ਰੇਸ਼ਨ ਐਕਟ, 1983 ਦੇ ਤਹਿਤ ਵੈਧ ਭਰਤੀ ਏਜੰਟ (ਆਰ.ਏ) ਲਾਇਸੈਂਸ ਹੋਵੇ।*

ਰੋਜ਼ਾਨਾ
ਵਿਸ਼ਵ ਪੰਜਾਬੀ ਸਾਂਝ
vishavpunjabisanjh@gmail.com



# ਐਮ.ਪੀ ਸਾਹਨੀ ਨੇ ਅਮਰੀਕਾ ਤੋਂ ਡਿਪੋਰਟ ਹੋ ਕੇ ਆਏ ਪੰਜਾਬੀਆਂ ਬਾਰੇ ਪ੍ਰਧਾਨ ਮੰਤਰੀ ਮੋਦੀ ਨੂੰ ਕੀਤੀ ਇਹ ਖ਼ਾਸ ਅਪੀਲ

ਚੰਡੀਗੜ੍ਹ 06 ਜਨਵਰੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਰਾਜ ਸਭਾ ਦੇ ਸੰਸਦ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਬੇਨਤੀ ਕੀਤੀ ਕਿ ਪ੍ਰਧਾਨ ਮੰਤਰੀ ਅਗਲੇ ਹਫ਼ਤੇ ਅਮਰੀਕਾ ਦੀ ਆਪਣੀ ਫੇਰੀ ਦੌਰਾਨ ਰਾਸ਼ਟਰਪਤੀ ਟਰੰਪ ਕੋਲ ਭਾਰਤੀ ਨਾਗਰਿਕਾਂ ਦੇ ਦੇਸ਼ ਨਿਕਾਲੇ ਦਾ ਮੁੱਦਾ ਚੁੱਕਣ। ਡਾ. ਸਾਹਨੀ ਨੇ ਕਿਹਾ ਕਿ ਮੀਡੀਆ ਰਿਪੋਰਟਾਂ ਅਨੁਸਾਰ ਅਮਰੀਕਾ ਵਿੱਚ ਲਗਭਗ 7.25 ਲੱਖ ਗੈਰ-ਕਾਨੂੰਨੀ ਭਾਰਤੀ ਪ੍ਰਵਾਸੀ ਹਨ, ਜਿਨ੍ਹਾਂ ਵਿੱਚੋਂ 17,940 ਨੂੰ ਅੰਤਿਮ ਦੇਸ਼ ਨਿਕਾਲੇ ਦੇ ਆਦੇਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੱਲ੍ਹ 104 ਅਮਰੀਕਾ 'ਚੋਂ ਕੱਢੇ ਗਏ ਭਾਰਤੀ ਨੌਜਵਾਨਾਂ ਦੇ ਪਹਿਲੇ ਜਥੇ ਦੇ ਆਉਣ ਨਾਲ, ਇਹ ਬਹੁਤ ਚਿੰਤਾਜਨਕ ਹੋ ਗਿਆ ਹੈ ਕਿਉਕਿ ਲੱਖਾਂ ਭਾਰਤੀ ਨਾਗਰਿਕਾਂ ਦਾ ਭਵਿੱਖ ਹਨੇਰੇ ਵਿੱਚ ਹੈ।

ਡਾ. ਸਾਹਨੀ ਨੇ ਉਸ ਦੇਸ਼ 'ਚੋ ਕੱਢੇ ਗਏ ਭਾਰਤੀ ਨੌਜਵਾਨਾਂ ਨਾਲ ਅਣਮਨੁੱਖੀ ਵਿਵਹਾਰ ਦੀ ਨਿੰਦਾ ਕੀਤੀ, ਜਿਨ੍ਹਾਂ ਨੂੰ ਹੱਥਕੜੀਆਂ ਲਗਾਈਆਂ ਗਈਆਂ, ਉਨ੍ਹਾਂ ਦੀਆਂ ਲੱਤਾਂ ਨੂੰ



ਜੰਜ਼ੀਰਾਂ ਨਾਲ ਬੰਨ੍ਹਿਆ ਗਿਆ ਅਤੇ 18 ਘੰਟੇ ਦੀ ਉਡਾਣ ਲਈ ਸਿਰਫ਼ ਇੱਕ ਟਾਇਲਟ ਵਾਲੇ ਫੌਜੀ ਜਹਾਜ਼ ਵਿੱਚ ਲਿਜਾਇਆ ਗਿਆ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਨੂੰ ਨਿਯਮਤ ਵਪਾਰਕ ਉਡਾਣਾਂ ਰਾਹੀਂ ਵਾਪਸ ਭੇਜਿਆ ਜਾ ਸਕਦਾ ਸੀ, ਜਿਸ ਨਾਲ ਉਨ੍ਹਾਂ ਦੀ ਇੱਜ਼ਤ ਅਤੇ ਬੁਨਿਆਦੀ ਮਨੁੱਖੀ ਅਧਿਕਾਰ ਯਕੀਨੀ ਬਣਾਏ ਜਾ ਸਕਦੇ ਸਨ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਦੁਸ਼ਮਣੀ ਦੌਰਾਨ ਵੀ, ਦੇਸ਼ ਨਿਕਾਲੇ ਜਿਨੇਵਾ ਕਨਵੈਨਸ਼ਨ ਦੇ ਮਾਣ-ਸਨਮਾਨ ਦੇ ਮਾਪਦੰਡਾਂ ਦੀ ਪਾਲਣਾ ਕਰਦੇ ਹਨ।

ਡਾ. ਸਾਹਨੀ ਨੇ ਅਣਅਧਿਕਾਰਤ ਇਮੀਗ੍ਰੇਸ਼ਨ ਏਜੰਟਾਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਜੋ ਮਾਸੂਮ ਵਿਅਕਤੀਆਂ ਨੂੰ ਬਿਨਾਂ ਵੈਧ ਵੀਜ਼ਾ ਜਾਂ ਵਰਕ ਪਰਮਿਟਾਂ ਦੇ ਵਿਦੇਸ਼ ਭੇਜ ਕੇ ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ। ਸਾਰੇ ਡਿਪਟੀ ਕਮਿਸ਼ਨਰਾਂ (ਡੀ.ਸੀ.) ਅਤੇ ਜ਼ਿਲ੍ਹਾ ਮੈਜਿਸਟਰੇਟਾਂ (ਡੀ.ਐੱਮ.) ਨੂੰ ਇਨ੍ਹਾਂ ਧੋਖੇਬਾਜ਼ ਏਜੰਟਾਂ ਦੀ ਪਛਾਣ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਵਿਰੁੱਧ ਤੁਰੰਤ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ।

ਡਾ. ਸਾਹਨੀ ਨੇ ਵਾਪਸ ਪਰਤਣ ਵਾਲੇ ਨੌਜਵਾਨਾਂ ਲਈ ਪੁਨਰਵਾਸ ਅਤੇ ਰੁਜ਼ਗਾਰ ਦੀ ਜ਼ਰੂਰਤ 'ਤੇ ਜ਼ੋਰ ਦਿੰਦਿਆਂ ਇਸ ਗੱਲ ਨੂੰ ਉਜਾਗਰ ਕੀਤਾ ਕਿ ਬਹੁਤ ਸਾਰੇ ਨੌਜਵਾਨਾਂ ਨੇ ਆਪਣੀ ਜ਼ਮੀਨ ਵੇਚ ਦਿੱਤੀ ਹੈ ਅਤੇ ਬਿਹਤਰ ਭਵਿੱਖ ਦੀ ਭਾਲ ਵਿੱਚ ਏਜੰਟਾਂ ਨੂੰ ਮੋਟੀਆਂ ਰਕਮਾਂ ਅਦਾ ਕੀਤੀਆਂ ਹਨ।

ਸਹਾਇਤਾ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਉਨ੍ਹਾਂ ਨੇ ਆਪਣੇ ਹੁਨਰ ਕੇਂਦਰਾਂ ਆਫ਼ ਐਕਸੀਲੈਂਸ ਰਾਹੀਂ ਮੁਫ਼ਤ ਹੁਨਰ ਸਿਖਲਾਈ ਅਤੇ ਸਲਾਹ ਪ੍ਰਦਾਨ ਕਰਨ ਦਾ ਵਾਅਦਾ ਕੀਤਾ, ਜਿਸ ਨਾਲ ਉਨ੍ਹਾਂ ਨੂੰ ਅਰਥਪੂਰਨ ਨੌਕਰੀਆਂ ਪ੍ਰਾਪਤ ਕਰਨ ਵਿੱਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ "ਮੈਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਇਹ ਵਾਪਸ ਪਰਤਣ ਵਾਲੇ ਆਪਣੇ ਜੀਵਨ ਨੂੰ ਦੁਬਾਰਾ ਬਣਾਉਣ ਲਈ ਹੁਨਰ ਅਤੇ ਰੁਜ਼ਗਾਰ ਦੇ ਮੌਕਿਆਂ ਨਾਲ ਲੈਸ ਹੋਣ।"

# ਅਮਰੀਕਾ ਵਿੱਚ ਗੁਜਰਾਤੀ ਕਾਰੋਬਾਰੀ ਭਾਵੇਸ਼ ਲਾਥੀਆ ਸਿਨਾਲੋਆ ਕਾਰਟੈਲ ਫੈਂਟਾਨਿਲ ਰਸਾਇਣ ਸਪਲਾਈ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ

ਦਿੱਲੀ 06 (ਵਿਸ਼ਵ ਪੰਜਾਬੀ ਸਾਂਝ ਕੈਨੇਡਾ) -ਅਮਰੀਕਾ ਵਿੱਚ ਗੁਜਰਾਤ ਦੇ ਕਾਰੋਬਾਰੀ ਭਾਵੇਸ਼ ਲਾਥੀਆ ਨੂੰ ਸਿਨਾਲੋਆ ਕਾਰਟੈਲ ਫੈਂਟਾਨਿਲ ਰਸਾਇਣ ਸਪਲਾਈ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਨੈਸ਼ਨਲ ਇੰਸਟੀਚਿਊਟ ਆਨ ਡਰੱਗ ਐਬਿਊਜ਼ ਦੇ ਅਨੁਸਾਰ, ਫੈਂਟਾਨਿਲ, ਇੱਕ ਸਿੰਥੈਟਿਕ ਓਪੀਔਡ ਜੋ ਮੋਰਫਿਨ ਨਾਲੋਂ 100 ਗੁਣਾ ਜ਼ਿਆਦਾ ਸ਼ਕਤੀਸ਼ਾਲੀ ਹੈ, ਸੰਯੁਕਤ ਰਾਜ ਵਿੱਚ ਡਰੱਗ ਓਵਰਡੋਜ਼ ਨਾਲ ਹੋਣ ਵਾਲੀਆਂ ਮੌਤਾਂ ਦਾ ਇੱਕ ਮੁੱਖ ਕਾਰਕ ਬਣ ਗਿਆ ਹੈ।

ਗੁਜਰਾਤ ਦੇ ਇੱਕ ਕਾਰੋਬਾਰੀ ਭਾਵੇਸ਼ ਲਾਥੀਆ ਨੂੰ ਅਮਰੀਕਾ ਵਿੱਚ ਕਥਿਤ ਤੌਰ 'ਤੇ ਫੈਂਟਾਨਿਲ ਪੈਦਾ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ, ਜੋ ਕਿ ਇੱਕ ਘਾਤਕ ਸਿੰਥੈਟਿਕ ਡਰੱਗ ਹੈ ਜੋ ਕਿ ਗਲੋਬਲ ਤਸ਼ਕਰੀ ਨੈੱਟਵਰਕ ਨਾਲ ਜੁੜੀ ਹੋਈ ਹੈ। ਸੂਰਤ ਦੀ ਕੈਮੀਕਲਜ਼ ਕੰਪਨੀ ਨਾਲ ਜੁੜੇ ਲਾਥੀਆ 'ਤੇ ਮੈਕਸੀਕੋ ਦੇ ਬਦਨਾਮ ਸਿਨਾਲੋਆ ਕਾਰਟੈਲ ਅਤੇ ਹੋਰ ਡਰੱਗ ਸਿੰਡੀਕੇਟਾਂ ਨੂੰ ਗੈਰ-ਕਾਨੂੰਨੀਤੌਰ 'ਤੇ ਫੈਂਟਾਨਿਲ ਪੂਰਵਗਾਮੀਆਂ ਭੇਜਣ ਦਾ ਦੋਸ਼ ਹੈ। ਹੋਮਲੈਂਡ ਸਿਕਿਓਰਿਟੀ ਇਨਵੈਸਟੀਗੇਸ਼ਨ ਨੇ ਲਾਥੀਆ ਨੂੰ ਉਸਦੀਆਂ ਕੰਪਨੀਆਂ ਦੇ ਰਸਾਇਣਕ ਨਿਰਯਾਤ ਦੀ ਜਾਂਚ ਤੋਂ ਬਾਅਦ ਗ੍ਰਿਫਤਾਰ ਕੀਤਾ, ਜਿਸ ਨਾਲ ਘਾਤਕ ਵਪਾਰ ਵਿੱਚ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਦਾ ਪਰਦਾਫਾਸ਼ ਹੋਇਆ।

ਭਾਵੇਸ਼ ਲਾਥੀਆ ਨੇ ਕਥਿਤ ਤੌਰ 'ਤੇ ਨੁਕਸਾਨਦੇਹ ਦਵਾਈਆਂ ਦੇ ਭੇਸ ਵਿੱਚ ਖ਼ਤਰਨਾਕ ਰਸਾਇਣਾਂ ਦੀ ਤਸ਼ਕਰੀ ਕਰਨ ਲਈ ਝੂਠੇ ਲੇਬਲਿੰਗ ਰਣਨੀਤੀਆਂ ਦੀ ਵਰਤੋਂ ਕੀਤੀ। ਜੂਨ 2024



ਵਿੱਚ, ਉਸਦੀ ਕੰਪਨੀ ਰੈਕਸਟਰ ਕੈਮੀਕਲਜ਼ ਨੇ ਕਸਟਮ ਜਾਂਚ ਤੋਂ ਬਚਣ ਲਈ ਵਿਟਾਮਿਨ ਸੀ ਸਪਲੀਮੈਂਟਸ ਵਜੋਂ ਝੂਠਾ ਲੇਬਲ ਲਗਾ ਕੇ ਨਿਊਯਾਰਕ ਇੱਕ ਖੇਪ ਭੇਜੀ। ਮਹੀਨਿਆਂ ਬਾਅਦ 23 ਨਵੰਬਰ 2024 ਨੂੰ ਇੱਕ ਹੋਰ ਖੇਪ ਜਿਸਨੂੰ ਐਂਟੀਸਾਈਡ ਵਜੋਂ ਗਲਤ ਲੇਬਲ ਕੀਤਾ ਗਿਆ ਸੀ ਭੇਜੀ ਗਈ। ਜਿਸ ਵਿੱਚ ਫੈਂਟਾਨਿਲ ਉਤਪਾਦਨ ਵਿੱਚ ਵਰਤੇ ਜਾਣ ਵਾਲੇ 20 ਕਿਲੋਗ੍ਰਾਮ ਸ਼ਡਿਊਲ ਰਸਾਇਣ ਨੂੰ ਛੁਪਾਇਆ ਗਿਆ ਸੀ।

ਜਾਂਚਕਰਤਾਵਾਂ ਨੇ ਇਸ ਖੇਪ ਨੂੰ ਮੈਕਸੀਕੋ ਦੇ ਡਰੱਗ ਕਾਰਟੈਲ ਨਾਲ ਜੋੜਿਆ ਹੈ। ਫੈਂਟਾਨਿਲ ਇੱਕ ਸਿੰਥੈਟਿਕ ਓਪੀਔਡ ਜੋ ਹੈਰੋਇਨ ਨਾਲੋਂ 50 ਗੁਣਾ ਤਾਕਤਵਰ ਅਤੇ ਮੋਰਫਿਨ ਨਾਲੋਂ 100 ਗੁਣਾ ਜ਼ਿਆਦਾ ਸ਼ਕਤੀਸ਼ਾਲੀ ਹੈ, ਇੱਕ ਘਾਤਕ ਡਰੱਗ ਸੰਕਟ ਨੂੰ ਵਧਾਉਂਦਾ ਰਹਿੰਦਾ ਹੈ। ਪਟੇਲ ਦੀ ਗ੍ਰਿਫਤਾਰੀ ਹੋਮਲੈਂਡ ਸਿਕਿਓਰਿਟੀ ਇਨਵੈਸਟੀਗੇਸ਼ਨਜ਼ (HSI) ਦੁਆਰਾ ਇੱਕ ਸਾਵਧਾਨੀਪੂਰਨ ਸਟਿੰਗ ਆਪ੍ਰੇਸ਼ਨ ਤੋਂ ਬਾਅਦ ਹੋਈ। ਅਕਤੂਬਰ 2024 ਵਿੱਚ ਇੱਕ ਗੁਪਤ HSI ਏਜੰਟ ਇੱਕ ਗਾਹਕ ਵਜੋਂ ਪੇਸ਼ ਹੋ ਕੇ ਈਮੇਲ ਐਕਸਚੇਂਜ ਅਤੇ ਵੀਡੀਓ ਕਾਲਾਂ ਰਾਹੀਂ ਪਟੇਲ ਨਾਲ ਗੱਲਬਾਤ ਕੀਤੀ।

ਇਹਨਾਂ ਗੱਲਬਾਤਾਂ ਦੌਰਾਨ ਪਟੇਲ ਨੇ ਆਪਣੇ ਮੈਕਸੀਕਨ ਗਾਹਕਾਂ ਦੀ ਸੰਤੁਸ਼ਟੀ ਬਾਰੇ ਸ਼ੇਖੀ ਮਾਰੀ ਅਤੇ 20 ਕਿਲੋਗ੍ਰਾਮ ਪੂਰਵਗਾਮੀ ਰਸਾਇਣ ਅਮਰੀਕਾ ਭੇਜਣ ਲਈ ਸਹਿਮਤੀ ਦਿੱਤੀ, ਖੁੱਲ੍ਹ ਕੇ ਸਵੀਕਾਰ ਕੀਤਾ ਕਿ ਉਹ ਖੋਜ ਤੋਂ ਬੱਚਣ ਲਈ ਪੈਕੇਜ਼ ਨੂੰ ਗਲ਼ਤ ਲੇਬਲ ਕਰੇਗਾ। ਇਸ ਤੋਂ ਪਹਿਲਾਂ ਫਰਵਰੀ 2024 ਵਿੱਚ ਪਟੇਲ ਨੇ ਕਥਿਤ ਤੌਰ 'ਤੇ ਇੱਕ ਮੈਕਸੀਕਨ ਡਰੱਗ ਤਸਕਰ ਨੂੰ 100 ਕਿਲੋਗ੍ਰਾਮ ਇਸੇ ਰਸਾਇਣ ਦੀ ਸਪਲਾਈ ਕੀਤੀ ਸੀ। ਇਨ੍ਹਾਂ ਸ਼ਿਪਮੈਂਟਾਂ ਨੇ ਫੈਂਟਾਨਿਲ ਦੇ ਵੱਡੇ ਪੱਧਰ 'ਤੇ ਉਤਪਾਦਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ, ਜੋ ਕਿ ਇੱਕ ਸਿੰਥੈਟਿਕ ਓਪੀਔਡ ਹੈ ਜੋ ਅਮਰੀਕਾ ਦੇ ਵਧਦੇ ਜਨਤਕ ਸਿਹਤ ਸੰਕਟ ਨੂੰ ਵਧਾਉਂਦਾ ਹੈ।

### ਫੈਂਟਾਨਿਲ ਕੀ ਹੈ ?

ਨੈਸ਼ਨਲ ਇੰਸਟੀਚਿਊਟ ਆਨ ਡਰੱਗ ਐਬਿਊਜ਼ ਦੇ ਅਨੁਸਾਰ, ਫੈਂਟਾਨਿਲ, ਇੱਕ ਸਿੰਥੈਟਿਕ ਓਪੀਔਡ ਜੋ ਮੋਰਫਿਨ ਨਾਲੋਂ 100 ਗੁਣਾ ਜ਼ਿਆਦਾ ਸ਼ਕਤੀਸ਼ਾਲੀ ਹੈ, ਸੰਯੁਕਤ ਰਾਜ ਵਿੱਚ ਡਰੱਗ ਓਵਰਡੋਜ਼ ਨਾਲ ਹੋਣ ਵਾਲੀਆਂ ਮੌਤਾਂ ਦਾ ਇੱਕ ਮੁੱਖ ਚਾਲਕ ਬਣ ਗਿਆ ਹੈ। ਵੈੱਬਸਾਈਟ ਨੇ ਕਿਹਾ ਕਿ ÷ਮੂਲ ਰੂਪ ਵਿੱਚ ਗੰਭੀਰ ਦਰਦ ਦੇ ਪ੍ਰਬੰਧਨ ਲਈ ਇੱਕ ਨੁਸਖ਼ੇ ਵਾਲੀ ਦਵਾਈ ਦੇ ਤੌਰ 'ਤੇ ਵਿਕਸਤ ਕੀਤਾ ਗਿਆ ਸੀ, ਖ਼ਾਸ ਕਰਕੇ ਸਰਜਰੀ ਤੋਂ ਬਾਅਦ ਜਾਂ ਹੋਰ ਓਪੀਔਡਜ਼ ਪ੍ਰਤੀ ਸਹਿਣਸ਼ੀਲ ਮਰੀਜ਼ਾਂ ਵਿੱਚ, ਫੈਂਟਾਨਿਲ ਦਾ ਗੈਰ-ਕਾਨੂੰਨੀ ਉਤਪਾਦਨ ਅਤੇ ਦੁਰਵਰਤੋਂ ਵਧ ਗਈ ਹੈ। ਸਹਿਣਸ਼ੀਲਤਾ, ਜੋ ਉਦੋਂ ਹੁੰਦੀ ਹੈ ਜਦੋਂ ਇੱਕੋ ਪ੍ਰਭਾਵ ਨੂੰ ਪ੍ਰਾਪਤ ਕਰਨ ਲਈ ਉੱਚ ਖੁਰਾਕਾਂ ਦੀ ਲੋੜ ਹੁੰਦੀ ਹੈ, ਇਸਦੇ ਨਿਰਭਰਤਾ ਜੋਖਮਾਂ ਨੂੰ ਵਧਾਉਂਦੀ ਹੈ। ਅੱਜ, ਫੈਂਟਾਨਿਲ ਵਰਗੇ ਸਿੰਥੈਟਿਕ ਓਪੀਔਡ ਅਮਰੀਕੀ ਡਰੱਗ ਸੰਕਟ 'ਤੇ ਹਾਵੀ ਹਨ, ਓਵਰਡੋਜ਼ ਮਹਾਂਮਾਰੀ 'ਤੇ ਉਨ੍ਹਾਂ ਦੀ ਘਾਤਕ ਪਕੜ ਨੂੰ ਉਜਾਗਰ ਕਰਦੇ ਹਨ





NEW YEAR WISHES 2025
BRAMPTON CASH & CARRY
Importer | Wholesaler | Retailer
NOW AVAILABLE
SHOPPING TROLLEYS
100 Kennedy Rd S, Brampton, ON L6W 3E7, Canada
905-230-4800




NEW YEAR WISHES 2025
BRAMPTON CASH & CARRY
Importer | Wholesaler | Retailer
FESTIVITY AND OCCASION
PUNJABI VIRSA DECOR
100 Kennedy Rd S, Brampton, ON L6W 3E7, Canada
905-230-4800




NEW YEAR WISHES 2025
BRAMPTON CASH & CARRY
Importer | Wholesaler | Retailer
NOW AVAILABLE
SHOPPING BASKETS
100 Kennedy Rd S, Brampton, ON L6W 3E7, Canada
905-230-4800




JD WEB SERVICES
OUR SERVICES
GRAPHIC DESIGN
UI/UX DESIGN
WEB DESIGN
ANDROID APPS
WEB DEVELOPMENT
SOCIAL MEDIA PROMOTION
JASWINDER SINGH BITTA
+1 (647) 967-6630
JASHANDEEP SINGH
90416-19321
www.jdwebservices.com
OUR PRODUCTS
INVOICE
INVOICE MANAGEMENT SOFTWARE
VIEW DEMO
ADVOC8
ADVOCATE'S DAILY DIARY
MANAGEMENT SOFTWARE
VIEW DEMO
https://advoc8.in
CAREER ENGINE
OUR COURSES
GRAPHIC & MOTION DESIGN
FULL STACK DEVELOPMENT
FLUTTER APP DEVELOPMENT
7 MONTHS
COURSE DURATION
$100/- USD
FEE PER MONTH
www.careerengine.in




Weight
10 Pond
Price
$5.99
BRAMPTON CASH & CARRY
BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800

# ਪਰਿਵਾਰਾਂ ਨੇ ਕਿਹਾ, ਲੱਖਾਂ ਰੁਪਏ ਦਾ ਕਰਜ ਲੈ ਕੇ ਭੇਜਿਆ ਵਿਦੇਸ਼, ਟਰੈਵਲਰ ਏਜੰਟਾਂ ਨੇ ਦਿੱਤਾ ਧੋਖਾ






ਅੰਮ੍ਰਿਤਸਰ, 6 ਫਰਵਰੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਅਮਰੀਕਾ ਨੇ 104 ਗੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਨੂੰ ਅਮਰੀਕੀ ਫੌਜੀ ਜਹਾਜ਼ਾਂ ਰਾਹੀਂ ਭਾਰਤ ਡਿਪੋਰਟ ਕੀਤਾ ਹੈ। ਡਿਪੋਰਟ ਕੀਤੇ ਗਏ ਇਹਨਾਂ ਵਿਅਕਤੀਆਂ ਵਿੱਚ 13 ਨਾਬਾਲਗ ਹਨ, ਕਿਉਂਕਿ ਇਸ ਉਡਾਣ ਵਿੱਚ ਕੁੱਝ ਪਰਿਵਾਰ ਵੀ ਵਾਪਸ ਆਏ ਹਨ। ਜਹਾਜ਼ ਦੁਪਹਿਰ 1:55 'ਤੇ ਉਤਰਿਆ।

ਹਵਾਈ ਅੱਡੇ ਦੇ ਬਾਹਰ ਵੱਡੀ ਗਿਣਤੀ ਵਿਚ ਬੈਰੀਕੇਡ ਲਗਾਏ ਗਏ ਸਨ ਅਤੇ ਵੱਡੀ ਗਿਣਤੀ ਵਿੱਚ ਪੁਲਿਸ ਮੁਲਾਜ਼ਮ ਤਾਇਨਾਤ ਸਨ। ਜਹਾਜ਼ 'ਤੇ ਆਏ ਸਾਰੇ ਲੋਕਾਂ ਤੋਂ ਹਵਾਈ ਅੱਡੇ ਦੇ ਟਰਮੀਨਲ ਦੇ ਅੰਦਰ ਪੰਜਾਬ ਪੁਲਿਸ ਅਤੇ ਹੋਰ ਖੁਫ਼ੀਆ ਏਜੰਸੀਆਂ ਵੱਲੋਂ ਪੁੱਛਗਿੱਛ ਕੀਤੀ ਗਈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਉਨ੍ਹਾਂ ਦਾ ਕੋਈ ਆਪਰਾਧਿਕ ਰਿਕਾਰਡ ਹੈ ਜਾਂ ਨਹੀਂ। ਇਸ ਤੋਂ ਬਾਅਦ ਇਹਨਾਂ ਵਿਅਕਤੀਆਂ ਨੂੰ ਲੈ ਕੇ ਪੁਲਿਸ ਦੀਆਂ ਗੱਡੀਆਂ ਏਅਰਪੋਰਟ ਤੋਂ ਬਾਹਰ ਨਿਕਲੀਆ ।

ਡਿਪੋਰਟ ਕੀਤੇ ਗਏ ਪ੍ਰਦੀਪ ਦੇ ਪਿਤਾ ਨੇ ਦਾਅਵਾ ਕੀਤਾ ਕਿ ਉਸ ਨੂੰ ਆਪਣੇ ਪੁੱਤਰ ਨੂੰ ਅਮਰੀਕਾ ਭੇਜਣ ਲਈ ਆਪਣੀ ਜ਼ਮੀਨ ਵੇਚ ਕੇ 20-25 ਲੱਖ ਰੁਪਏ ਦਾ ਕਰਜ਼ਾ ਲੈਣਾ ਪਿਆ।

ਜ਼ਿਲ੍ਹਾ ਹੁਸ਼ਿਆਰਪੁਰ ਦੇ ਰਹਿਣ ਵਾਲੇ ਹਰਵਿੰਦਰ ਸਿੰਘ (41) ਪਤਨੀ ਕੁਲਜਿੰਦਰ ਕੌਰ ਨੇ ਦਾਅਵਾ ਕੀਤਾ ਕਿ ਇਕ ਟਰੈਵਲ ਏਜੰਟ ਨੇ ਉਸ ਨੂੰ ਕਾਨੂੰਨੀ ਤਰੀਕੇ ਨਾਲ ਅਮਰੀਕਾ ਭੇਜਣ ਦਾ ਵਾਅਦਾ ਕਰਕੇ 42 ਲੱਖ ਰੁਪਏ ਲਏ ਸਨ। ਸਾਡੇ ਕੋਲ ਦੋ ਕੁੱਝ ਵੀ ਸੀ, ਉਸ ਨੂੰ ਵੇਚ ਦਿੱਤਾ। ਉਸ ਏਜੰਟ ਨੇ ਸਾਡੇ ਨਾਲ ਧੋਖਾ ਕੀਤਾ। ਕਪੂਰਥਲਾ ਦੇ ਗੁਰਪ੍ਰੀਤ ਸਿੰਘ ਦੇ ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਨੇ ਉਸ ਨੂੰ ਵਿਦੇਸ਼ ਭੇਜਣ ਲਈ ਆਪਣਾ ਘਰ ਗਹਿਣੇ ਰੱਖਿਆ ਸੀ। 45 ਲੱਖ ਰੁਪਏ ਖ਼ਰਚ ਕੀਤੇ ਸਨ। ਹੁਣ ਉਸ ਨੂੰ ਕੱਢ ਦਿੱਤਾ ਗਿਆ ਹੈ।

ਗੁਜਰਾਤ ਦੀ ਰਹਿਣ ਵਾਲੀ ਲੜਕੀ ਦੇ ਪਰਿਵਾਰਕ ਮੈਂਬਰਾਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੂੰ ਨਹੀਂ ਪਤਾ ਕਿ ਉਹ ਅਮਰੀਕਾ ਕਿਵੇਂ ਪਹੁੰਚੀ। ਕਨੂਭਾਈ ਪਟੇਲ ਨੇ ਕਿਹਾ, 'ਮੇਰੀ ਬੇਟੀ ਇਕ ਮਹੀਨਾ ਪਹਿਲਾਂ ਦੋਸਤਾਂ ਨਾਲ ਛੁੱਟੀਆਂ ਮਨਾਉਣ ਯੂਰਪ ਗਈ ਸੀ। ਅਸੀਂ ਉਸ ਨਾਲ ਆਖ਼ਰੀ ਵਾਰ 14 ਜਨਵਰੀ ਨੂੰ ਗੱਲ ਕੀਤੀ ਸੀ। ਸਾਨੂੰ ਨਹੀਂ ਪਤਾ ਕਿ ਉਹ ਅਮਰੀਕਾ ਕਿਵੇਂ ਪਹੁੰਚੀ। ਸੂਤਰਾਂ ਨੇ ਦੱਸਿਆ ਕਿ ਜ਼ਿਆਦਾਤਰ ਲੋਕ ਮਹਿਸਾਣਾ, ਗਾਂਧੀਨਗਰ, ਪਾਟਨ, ਵਡੋਦਰਾ ਅਤੇ ਖੇੜਾ ਜ਼ਿਲ੍ਹਿਆਂ ਦੇ ਹਨ।

## ਸਟੱਡੀ ਵੀਜ਼ੇ 'ਤੇ ਲੰਡਨ ਗਿਆ ਸੀ, ਅਮਰੀਕਾ ਕਿਵੇਂ ਪਹੁੰਚਿਆਂ ?




ਜੀਂਦ : ਹਰਿਆਣਾ ਦੇ ਜੀਂਦ ਜ਼ਿਲ੍ਹੇ ਦਾ ਰਹਿਣ ਵਾਲਾ ਨੌਜਵਾਨ ਰੋਹਿਤ ਸ਼ਰਮਾ ਜਨਵਰੀ 2024 ਵਿੱਚ ਸਟੱਡੀ ਵੀਜ਼ੇ 'ਤੇ ਲੰਡਨ ਗਿਆ ਸੀ। ਇਸ ਤੋਂ ਬਾਅਦ ਉਹ ਅਮਰੀਕਾ ਪਹੁੰਚ ਗਿਆ ਪਰ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਨਹੀਂ ਪਤਾ ਸੀ ਕਿ ਉਹ ਉੱਥੇ ਕਿਵੇਂ ਪਹੁੰਚਿਆ। ਉਹ 15 ਦਿਨਾਂ ਤੋਂ ਰੋਹਿਤ ਨਾਲ ਗੱਲ ਵੀ ਨਹੀਂ ਕਰ ਸਕੇ ਸਨ। ਬੁੱਧਵਾਰ ਨੂੰ ਜਿਵੇਂ ਹੀ ਉਨ੍ਹਾਂ ਨੂੰ ਉਸਦੇ ਅੰਮ੍ਰਿਤਸਰ ਆਉਣ ਦੀ ਸੂਚਨਾ ਮਿਲੀ ਤਾਂ ਉਹ ਉਸਨੂੰ ਲੈਣ ਲਈ ਰਵਾਨਾ ਹੋ ਗਏ। ਰੋਹਿਤ ਦੇ ਪਿਤਾ ਸੁਰੇਸ਼ ਨੇ ਦੱਸਿਆ ਕਿ ਉਸ ਨੂੰ ਸਟੱਡੀ ਵੀਜ਼ੇ 'ਤੇ ਲੰਡਨ ਭੇਜਿਆ ਗਿਆ ਸੀ। ਅਸੀਂ 15 ਦਿਨਾਂ ਤੋਂ ਗੱਲ ਨਹੀਂ ਕਰ ਸਕੇ।



ਕਰਨਾਲ: ਹਰਿਆਣਾ ਦੇ ਕਰਨਾਲ ਜ਼ਿਲੇ ਵਿੱਚ ਘਰੌਂਡਾ ਦੇ ਪਿੰਡ ਕਾਲਰੋਂ ਦਾ ਆਕਾਸ਼ 26 ਜਨਵਰੀ ਨੂੰ ਅਮਰੀਕਾ ਪਹੁੰਚ ਗਿਆ ਸੀ। ਕਾਲਰੋਂ ਦੇ ਸਰਪੰਚ ਦੀਪੇਂਦਰ ਉਰਫ ਅਨੂੰ ਨੇ ਦੱਸਿਆ ਕਿ ਆਕਾਸ਼ ਸਾਡੇ ਪਰਿਵਾਰ ਦਾ ਹੈ। ਉਸ ਦੇ ਪਰਿਵਾਰ ਦੀ ਹਾਲਤ ਠੀਕ ਨਹੀਂ ਸੀ, ਇਸ ਲਈ ਉਹ ਆਪਣੀ ਜ਼ਮੀਨ ਵੇਚ ਕੇ ਕਰੀਬ 40 ਲੱਖ ਦਾ ਕਰਜ਼ਾ ਲੈ ਕੇ ਅਮਰੀਕਾ ਗਿਆ ਸੀ । ਹੁਣ ਪਰਿਵਾਰ ਕੋਲ ਰੋਜ਼ੀ ਰੋਟੀ ਕਮਾਉਣ ਦਾ ਕੋਈ ਸਾਧਨ ਨਹੀਂ ਹੈ। ਉਹ ਤਿੰਨ ਮਹੀਨੇ ਪਹਿਲਾਂ ਘਰ ਛੱਡ ਕੇ ਅਮਰੀਕਾ ਗਿਆ ਸੀ। ਡੰਕੀ ਦੇ ਰਸਤੇ ਵਿਚ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨ ਤੋਂ ਬਾਅਦ ਉਹ 26 ਜਨਵਰੀ ਨੂੰ ਅਮਰੀਕਾ ਪਹੁੰਚਿਆ। ਉਸ ਨੂੰ ਕੋਈ ਕੰਮ ਵੀ ਨਹੀਂ ਮਿਲਿਆ ਸੀ ਅਮਰੀਕਾ ਵਿੱਚ ਕਿ ਉਸ ਨੂੰ ਭਾਰਤ ਵਾਪਸ ਭੇਜ ਦਿੱਤਾ ਗਿਆ ਹੈ।

## 7 ਲੋਕ ਕਰਨਾਲ ਤੋਂ , ਪਰਿਵਾਰ ਲੈਣ ਗਿਆ

ਕਰਨਾਲ: ਅਮਰੀਕਾ ਤੋਂ ਡਿਪੋਰਟ ਹਰਿਆਣਾ ਦੇ 33 ਵਿਅਕਤੀਆਂ ਵਿੱਚੋਂ 7 ਲੋਕ ਕਰਨਾਲ ਜਿਲ੍ਹੇ ਦੇ ਵੱਖ-ਵੱਖਪਿੰਡਾਂ ਦੇ ਰਹਿਣ ਵਾਲੇ ਹਨ। ਇਹ ਉਹ ਲੋਕ ਹਨ ਜਿਨ੍ਹਾਂ ਨੇ ਆਪਣੀ ਆਰਥਿਕ ਹਾਲਤ ਸੁਧਾਰਨ ਲਈ ਅਮਰੀਕਾ ਜਾ ਕੇ ਪੈਸਾ ਕਮਾਉਣ ਦਾ ਗੰਦਾ ਰਾਹ ਚੁਣਿਆ। ਘਰ ਗਿਰਵੀ ਰੱਖਿਆ, ਜ਼ਮੀਨ ਵੇਚ ਕੇ ਕਰਜ਼ਾ ਲਿਆ। ਪਰਿਵਾਰਕ ਮੈਂਬਰ ਆਪਣੇ ਬੱਚਿਆਂ ਅਤੇ ਪਰਿਵਾਰਕ ਮੈਂਬਰਾਂ ਨੂੰ ਲੈਣ ਅੰਮ੍ਰਿਤਸਰ ਗਏ ਹੋਏ ਹਨ। ਸੂਚੀ ਵਿੱਚ ਸਿਰਫ਼ ਨਾਮ, ਉਮਰ ਅਤੇ ਪਿੰਡ ਜਾਂ ਸ਼ਹਿਰ ਲਿਖਿਆ ਹੈ। ਅਜਿਹੇ 'ਚ ਇਹ ਭੰਬਲਭੂਸਾ ਬਣਿਆ ਹੋਇਆ ਹੈ ਕਿ ਇਹ ਪਿੰਡ ਕਰਨਾਲ ਦੇ ਹੀ ਹਨ।






# Delhi Elections: ਚੋਣ ਜ਼ਾਬਤੇ ਦੀ ਉਲੰਘਣਾ ਦੇ 1,090 ਤੋਂ ਵੱਧ ਮਾਮਲੇ ਦਰਜ

ਨਵੀਂ ਦਿੱਲੀ, 06 ਫਰਵਰੀ (ਜਸਵਿੰਦਰ ਸਿੰਘ ਬਿੱਟਾ)- ਦਿੱਲੀ ਵਿੱਚ ਆਦਰਸ਼ ਚੋਣ ਜ਼ਾਬਤੇ (ਐਮ.ਸੀ.ਸੀ) ਦੀ ਕਥਿਤ ਉਲੰਘਣਾ ਦੇ 1,090 ਤੋਂ ਵੱਧ ਮਾਮਲੇ ਦਰਜ ਕੀਤੇ ਗਏ ਹਨ। ਅਧਿਕਾਰੀਆਂ ਨੇ ਦੱਸਿਆ ਕਿ ਇਹ ਕੇਸ 7 ਜਨਵਰੀ ਐਮ.ਸੀ.ਸੀ ਦੇ ਲਾਗੂ ਹੋਣ ਤੋਂ ਲੈ ਕੇ 5 ਫਰਵਰੀ ਦੇ ਵਿਚਕਾਰ ਦਰਜ ਕੀਤੇ ਗਏ ਸਨ। ਇੱਕ ਬਿਆਨ ਅਨੁਸਾਰ ਕੁੱਲ 35,020 ਵਿਅਕਤੀਆਂ ਨੂੰ ਰੋਕਥਾਮ ਕਾਰਵਾਈਆਂ ਅਤੇ ਹੋਰ ਕਾਰਵਾਈਆਂ ਦੇ ਵੱਖ-ਵੱਖ ਪ੍ਰਬੰਧਾਂ ਦੇ ਤਹਿਤ ਗ੍ਰਿਫਤਾਰ ਜਾਂ ਹਿਰਾਸਤ ਵਿੱਚ ਲਿਆ ਗਿਆ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਦਿੱਲੀ ਪੁਲਿਸ ਨੇ ਕਥਿਤ MCC ਉਲੰਘਣਾ ਦੇ 1,098 ਮਾਮਲੇ ਦਰਜ ਕੀਤੇ ਹਨ ਅਤੇ 472 ਗੈਰ-ਕਾਨੂੰਨੀ ਹਥਿਆਰ ਅਤੇ 534 ਕਾਰਤੂਸ ਜ਼ਬਤ ਕੀਤੇ ਹਨ ਅਤੇ ਅਸਲਾ ਐਕਟ ਦੇ ਤਹਿਤ 496 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ।



ਇਸ ਦੌਰਾਨ ਪੁਲਿਸ ਨੇ 1,14,699 ਲੀਟਰ ਸ਼ਰਾਬ ਵੀ ਜ਼ਬਤ ਕੀਤੀ ਹੈ ਅਤੇ 1,423 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਆਦਰਸ਼ ਚੋਣ ਜ਼ਾਬਤੇ ਦੌਰਾਨ 77.9 ਕਰੋੜ ਰੁਪਏ ਤੋਂ ਵੱਧ ਦੀ ਕੀਮਤ ਦੇ 206.712 ਕਿਲੋਗ੍ਰਾਮ ਨਸ਼ੀਲੇ ਪਦਾਰਥਾਂ ਸਮੇਤ 1,200 ਤੋਂ ਵੱਧ ਪਾਬੰਦੀਸ਼ੁਦਾ ਟੀਕੇ ਜ਼ਬਤ ਕੀਤੇ ਹਨ ਅਤੇ ਹੁਣ ਤੱਕ 179 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ 11.70 ਕਰੋੜ ਰੁਪਏ ਦੀ ਨਕਦੀ ਅਤੇ 37.39 ਕਿਲੋ ਚਾਂਦੀ ਵੀ ਜ਼ਬਤ ਕੀਤੀ ਹੈ।

# ਕੈਨੇਡਾ-ਅਮਰੀਕਾ ਸਰਹੱਦ ਤੋਂ 15 ਵਿਅਕਤੀ ਗ੍ਰਿਫ਼ਤਾਰ, ਇੱਕ ਦੀ ਮੌਤ

ਕੈਨੇਡਾ, 06 ਫਰਵਰੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਪੁਲਿਸ ਨੇ ਅਮਰੀਕਾ ਨਾਲ ਲੱਗਦੀ ਸਰਹੱਦ ਤੋਂ ਤਿੰਨ ਵੱਖ ਵੱਖ ਘਟਨਾਵਾਂ ਵਿੱਚ 15 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਤੇ ਇਸ ਦੌਰਾਨ ਇਕ ਵਿਅਕਤੀ ਭੱਜਣ ਦੀ ਕੋਸ਼ਿਸ਼ ਕਰਦਿਆਂ ਮਾਰਿਆ ਗਿਆ। ਇਹ ਸਾਰੇ ਗੈਰਕਾਨੂੰਨੀ ਢੰਗ ਨਾਲ ਕੈਨੇਡਾ ਵਿਚ ਦਾਖ਼ਲ ਹੋਣ ਦੀ ਫਿਰਾਕ ਵਿਚ ਸਨ।

ਪੁਲਿਸ ਨੇ ਅਜੇ ਤੱਕ ਇਨ੍ਹਾਂ ਵਿਚੋਂ ਕਿਸੇ ਦੀ ਵੀ ਪਛਾਣ ਨਹੀਂ ਦੱਸੀ। ਰੌਇਲ ਕੈਨੇਡਿਆਈ ਮਾਊਂਟਿਡ ਪੁਲੀਸ ਦੇ ਸਹਾਇਕ ਕਮਿਸ਼ਨਰ ਲੀਜ਼ਾ ਮੋਰਲੈਂਡ ਨੇ ਦੱਸਿਆ ਕਿ ਦੋ ਘਟਨਾਵਾਂ ਅਲਬਰਟਾ ਅਤੇ ਇੱਕ ਮੈਨੀਟੋਬਾ ਸੂਬੇ ਦੀ ਅਮਰੀਕਾ ਨਾਲ ਲੱਗਦੀ ਸਰਹੱਦ 'ਤੇ ਵਾਪਰੀ।

ਪੁਲਿਸ ਅਧਿਕਾਰੀ ਨੇ ਦੱਸਿਆ ਕਿ 4 ਫਰਵਰੀ ਨੂੰ ਅਲਬਰਟਾ ਦੇ ਕੌਟਸ ਲਾਂਘੇ 'ਤੇ ਅਮਰੀਕਾ ਵਲੋਂ ਆਏ ਇਕ ਵਾਹਨ ਚਾਲਕ ਨੇ ਦਸਤਾਵੇਜ਼ਾਂ ਦੀ ਜਾਂਚ ਕਰਾਉਣ ਦੀ ਥਾਂ ਨਾਕਾ ਤੋੜਿਆ ਤੇ ਗੱਡੀ ਭਜਾ ਲਈ। ਸੀਬੀਐਸਏ (ਸਰਹੱਦੀ ਸੁਰੱਖਿਆ ਦਲ) ਵੱਲੋਂ ਪੁਲੀਸ ਨੂੰ ਸੂਚਿਤ ਕੀਤੇ ਜਾਣ 'ਤੇ 80 ਕਿਲੋਮੀਟਰ ਦੂਰ ਰੇਮੰਡ ਕੋਲ ਵਾਹਨ ਨੂੰ ਘੇਰਿਆ ਤਾਂ ਵਾਹਨ ਚਾਲਕ ਗੱਡੀ ਛੱਡ ਕੇ ਪੈਦਲ ਭੱਜ ਪਿਆ। ਕਾਫੀ ਦੂਰ ਤੱਕ ਭੱਜਦੇ ਹੋਏ ਉਸ ਨੇ ਆਪਣੇ ਕੋਲ ਰੱਖੇ ਮਾਰੂ ਹਥਿਆਰ ਨਾਲ ਖ਼ੁਦ ਨੂੰ ਜ਼ਖ਼ਮੀ ਕਰ ਲਿਆ ਤੇ ਹਸਪਤਾਲ ਲਿਜਾਂਦੇ ਹੋਏ ਉਸ ਦੀ ਮੌਤ ਹੋ ਗਈ।





ਇੱਕ ਹੋਰ ਘਟਨਾ ਵਿੱਚ 3 ਫਰਵਰੀ ਨੂੰ ਤੜਕੇ ਕੜਾਕੇ ਦੀ ਠੰਡ ਵਿੱਚ ਪੰਜ ਨਾਬਾਲਗਾਂ ਸਮੇਤ 9 ਜਣੇ ਹਨੇਰੇ ਦੀ ਆੜ ਹੇਠ ਪੈਦਲ ਸਰਹੱਦ ਲੰਘ ਕੇ ਅਮਰੀਕਾ ਤੋਂ ਕੈਨੇਡਾ ਵੜਨ ਦਾ ਯਤਨ ਕਰ ਰਹੇ ਸਨ, ਜਿਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਤੀਜੀ ਘਟਨਾ ਮੈਨੀਟੋਬਾ ਸੂਬੇ ਵਿੱਚ ਦੇ ਸਰਹੱਦੀ ਪਿੰਡ ਐਮਰਸਨ ਕੋਲ ਵਾਪਰੀ ਜਿੱਥੇ ਅਮਰੀਕਨ ਕਸਟਮ ਤੇ ਬਾਰਡਰ ਸੁਰੱਖਿਆ ਅਮਲੇ (ਸੀ.ਬੀ.ਪੀ) ਵਲੋਂ ਖ਼ਬਰਦਾਰ ਕੀਤੇ ਜਾਣ 'ਤੇ 6 ਲੋਕਾਂ ਨੂੰ ਗੈਰਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਦਿਆਂ ਗ੍ਰਿਫਤਾਰ ਕੀਤਾ ਗਿਆ ਹੈ।

ਐਮਰਸਨ ਉਹੀ ਸਥਾਨ ਹੈ, ਜਿੱਥੇ ਦੋ ਸਾਲ ਪਹਿਲਾਂ ਗੁਜਰਾਤੀ ਮੂਲ ਦੇ ਇੱਕੋ ਪਰਿਵਾਰ ਦੇ ਤਿੰਨ ਬੱਚਿਆਂ ਸਮੇਤ ਪੰਜ ਲੋਕ ਬਰਫੀਲੇ ਤੂਫਾਨ ਦੀ ਜੱਦ ਵਿਚ ਆਉਣ ਕਰਕੇ ਮਾਰੇ ਗਏ ਸਨ।










# ਧਰਤੀ ਦੀ ਆਖ਼ਰੀ ਸੜਕ, ਇਥੇ ਖ਼ਤਮ ਹੁੰਦੀ ਹੈ ਦੁਨੀਆ, ਕੋਈ ਨਹੀਂ ਜਾ ਸਕਦਾ ਇਕੱਲਾ






ਦਿੱਲੀ 06 ਫ਼ਰਵਰੀ ( ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਕੀ ਤੁਸੀਂ ਜਾਣਦੇ ਹੋ ਕਿ ਦੁਨੀਆ ਦੀ ਆਖਰੀ ਸੜਕ ਕਿੱਥੇ ਹੈ, ਜਿਸ ਤੋਂ ਅੱਗੇ ਸਿਰਫ ਬਰਫੀਲੇ ਪਹਾੜ ਅਤੇ ਵਿਸ਼ਾਲ ਸਮੁੰਦਰ ਹੀ ਦਿਖਾਈ ਦਿੰਦੇ ਹਨ? ਇਹ ਜਗਹਾ ਇੰਨੀ ਖਤਰਨਾਕ ਹੈ ਕਿ ਇੱਥੇ ਇਕੱਲੇ ਜਾਣ ਦੀ ਇਜਾਜ਼ਤ ਨਹੀਂ ਹੈ। ਇਹ ਸੜਕ ਯੂਰਪ ਦੇ ਉੱਤਰੀ ਸਿਰੇ ਤੱਕ ਜਾਂਦੀ ਹੈ ਅਤੇ ਉਸ ਤੋਂ ਬਾਅਦ ਸਿਰਫ ਬਰਫ ਅਤੇ ਬਰਫ ਹੀ ਹੈ। ਇਸ ਸਥਾਨ ਦੀ ਯਾਤਰਾ ਕਰਨਾ ਇੱਕ ਰੋਮਾਂਚਕ ਅਨੁਭਵ ਹੋ ਸਕਦਾ ਹੈ, ਪਰ ਇਸ ਦੇ ਖਤਰਨਾਕ ਮੌਸਮ ਅਤੇ ਬਰਫੀਲੀਆਂ ਰਸਤਿਆਂ ਕਾਰਨ ਇੱਥੇ ਘੁੰਮਣ ਲਈ ਇੱਕ ਸਮੂਹ ਬਣਾਉਣਾ ਪੈਂਦਾ ਹੈ ਭਾਵ ਘੁੰਮਣ ਲਈ ਗਰੁੱਪ ਵਿੱਚ ਜਾਣਾ ਪੈਂਦਾ ਹੈ। ਆਓ ਜਾਣਦੇ ਹਾਂ ਦੁਨੀਆ ਦੀ ਇਸ ਆਖਰੀ ਸੜਕ ਬਾਰੇ।

*ਕੀ ਤੁਸੀਂ ਕਦੇ ਸੋਚਿਆ ਹੈ ਕਿ ਦੁਨੀਆਂ ਦਾ ਸਿਰਾ ਕਿੱਥੇ ਹੈ? ਜੇਕਰ ਹਾਂ, ਤਾਂ ਤੁਹਾਨੂੰ ਨਾਰਵੇ ਵਿੱਚ ਮੌਜੂਦ 5-69 ਹਾਈਵੇ ਬਾਰੇ ਜ਼ਰੂਰ ਪਤਾ ਹੋਣਾ ਚਾਹੀਦਾ ਹੈ। ਇਹ ਸੜਕ ਯੂਰਪ ਦੇ ਉੱਤਰੀ ਸਿਰੇ 'ਤੇ ਸਥਿਤ ਹੈ ਅਤੇ ਇਸ ਨੂੰ ਦੁਨੀਆ ਦੀ ਆਖਰੀ ਸੜਕ ਕਿਹਾ ਜਾਂਦਾ ਹੈ। ਜਿਵੇਂ ਹੀ ਇਹ ਸੜਕ ਖਤਮ ਹੁੰਦੀ ਹੈ, ਅੱਗੇ ਸਿਰਫ ਬਰਫੀਲੇ ਗਲੇਸ਼ੀਅਰ ਅਤੇ ਵਿਸ਼ਾਲ ਸਮੁੰਦਰ ਦਿਖਾਈ ਦਿੰਦਾ ਹੈ। ਇਹ ਸੜਕ ਲਗਭਗ 14 ਕਿਲੋਮੀਟਰ ਲੰਬੀ ਹੈ ਅਤੇ ਨਾਰਵੇ ਦੇ ਦੂਰ ਉੱਤਰੀ ਹਿੱਸੇ ਵਿੱਚ ਸਥਿਤ ਹੈ। ਦਿਲਚਸਪ ਗੱਲ ਇਹ ਹੈ ਕਿ ਇਸ ਸੜਕ 'ਤੇ ਇਕੱਲੇ ਸਫ਼ਰ ਕਰਨ ਦੀ ਇਜਾਜ਼ਤ ਨਹੀਂ ਹੈ ਅਤੇ ਇੱਥੇ ਪਹੁੰਚਣ ਲਈ ਇਕ ਗਰੁੱਪ ਬਣਾਉਣਾ ਪੈਂਦਾ ਹੈ। ਇਸ ਦੇ ਪਿੱਛੇ ਸੁਰੱਖਿਆ ਕਾਰਨ ਹਨ, ਕਿਉਂਕਿ ਚਾਰੇ ਪਾਸੇ ਸਿਰਫ ਬਰਫ-ਬਰਫਹੀ ਹੈ, ਜਿਸ ਕਾਰਨ ਰਸਤਾ ਟੁੱਟਣ ਦਾ ਖਤਰਾ ਹੈ।*

## ਖਤਰਨਾਕ ਮੌਸਮ ਅਤੇ ਸੁਰੱਖਿਆ ਕਾਰਨ

ਈ-69 ਹਾਈਵੇਅ ਦੁਨੀਆ ਦੇ ਉੱਤਰੀ ਸਿਰੇ ਨੂੰ ਨਾਰਵੇ ਨਾਲ ਜੋੜਦਾ ਹੈ। ਇਹ ਸਥਾਨ ਉੱਤਰੀ ਧਰੁਵ ਦੇ ਬਹੁਤ ਨੇੜੇ ਹੈ, ਜਿੱਥੋਂ ਧਰਤੀ ਘੁੰਮਦੀ ਹੈ। ਇਸ ਹਾਈਵੇਅ 'ਤੇ ਸਫਰ ਜਿੰਨਾ ਰੋਮਾਂਚਕ ਹੈ, ਓਨਾ ਹੀ ਖਤਰਨਾਕ ਵੀ ਮੰਨਿਆ ਜਾਂਦਾ ਹੈ। ਇੱਥੋਂ ਦਾ ਮੌਸਮ ਬਹੁਤ ਖ਼ਤਰਨਾਕ ਹੈ। ਸਰਦੀਆਂ ਵਿੱਚ ਇਹ ਖੇਤਰ 6 ਮਹੀਨੇ ਹਨੇਰੇ ਵਿੱਚ ਰਹਿੰਦਾ ਹੈ, ਜਦੋਂ ਕਿ ਗਰਮੀਆਂ ਵਿੱਚ ਸੂਰਜ 6 ਮਹੀਨੇ ਚਮਕਦਾ ਰਹਿੰਦਾ ਹੈ। ਸਰਦੀਆਂ ਵਿੱਚ ਇਸ ਖੇਤਰ ਵਿੱਚ ਤਾਪਮਾਨ



-




43 ਡਿਗਰੀ ਸੈਲਸੀਅਸ ਤੱਕ ਘੱਟ ਜਾਂਦਾ ਹੈ, ਜਦੋਂ ਕਿ ਗਰਮੀਆਂ ਵਿੱਚ ਇਹ ਮੁਸ਼ਕਿਲ ਨਾਲ ਜ਼ੀਰੋ ਡਿਗਰੀ ਤੱਕ ਪਹੁੰਚਦਾ ਹੈ।

## ਸੜਕ 'ਤੇ ਵਾਹਨ ਲੈ ਜਾਣ ਦੀ ਨਹੀਂ ਇਜਾਜ਼ਤ

ਜੇਕਰ ਕੋਈ ਇਸ ਸਥਾਨ 'ਤੇ ਜਾਣਾ ਚਾਹੁੰਦਾ ਹੈ ਤਾਂ ਉਸ ਨੂੰ ਵਿਸ਼ੇਸ਼ ਤਿਆਰੀ ਕਰਨੀ ਪੈਂਦੀ ਹੈ। ਇਸ ਸੜਕ 'ਤੇ ਵਾਹਨਾਂ ਦੀ ਆਗਿਆ ਨਹੀਂ ਹੈ ਕਿਉਂਕਿ ਬਰਫੀਲੇ ਹਾਲਾਤ ਬਹੁਤ ਖਤਰਨਾਕ ਹਨ। ਇਸ ਖੇਤਰ ਵਿੱਚ ਗੁੰਮ ਹੋਣ ਦਾ ਖਤਰਾ ਬਹੁਤ ਜ਼ਿਆਦਾ ਹੈ, ਇਸ ਲਈ ਇਕੱਲੇ ਯਾਤਰਾ ਕਰਨ ਦੀ ਮਨਾਹੀ ਹੈ। ਇਸ ਦੇ ਬਾਵਜੂਦ ਇਹ ਜਗਹਾ ਐਡਵੈਂਚਰ ਪ੍ਰੇਮੀਆਂ ਲਈ ਬਹੁਤ ਖਾਸ ਮੰਨੀ ਜਾਂਦੀ ਹੈ। ਇੱਥੋਂ ਦਾ ਨਜ਼ਾਰਾ ਬਹੁਤ ਖੂਬਸੂਰਤ ਹੈ, ਇੱਥੇ ਬਰਫੀਲੇ ਪਹਾੜ, ਗਲੇਸ਼ੀਅਰ ਅਤੇ ਸਮੁੰਦਰ ਇਕੱਠੇ ਨਜ਼ਰ ਆਉਂਦੇ ਹਨ।

## 1934 ਤੋਂ ਬਾਅਦ ਇਸ ਖੇਤਰ ਵਿੱਚ ਆਉਣੇ ਸ਼ੁਰੂ ਹੋਏ ਸੈਲਾਨੀ

*ਇਤਿਹਾਸ ਦੀ ਗੱਲ ਕਰੀਏ ਤਾਂ ਇਸ ਖੇਤਰ ਵਿੱਚ ਪਹਿਲਾਂ ਮੱਛੀਆਂ ਫੜਨ ਦਾ ਧੰਦਾ ਪ੍ਰਚਲਿਤ ਸੀ। ਇਹ ਖੇਤਰ 1930 ਦੇ ਦਹਾਕੇ ਤੱਕ ਵਪਾਰਕ ਤੌਰ 'ਤੇ ਸਰਗਰਮ ਸੀ, ਪਰ ਬਾਅਦ ਵਿੱਚ ਇੱਥੇ ਸੈਰ-ਸਪਾਟਾਵਿਕਸਤ ਹੋਇਆ। 1934 ਤੋਂ ਬਾਅਦ ਇਸ ਖੇਤਰ ਵਿੱਚ ਸੈਲਾਨੀ ਆਉਣ ਲੱਗੇ ਅਤੇ ਹੌਲੀ-ਹੌਲੀਇੱਥੇ ਹੋਟਲ ਅਤੇ ਰੈਸਟੋਰੈਂਟ ਵੀ ਖੁੱਲ੍ਹਣ ਲੱਗੇ। ਹੁਣ ਇਹ ਸਥਾਨ ਨਾ ਸਿਰਫ ਸਾਹਸੀ ਯਾਤਰੀਆਂ ਲਈ ਇੱਕ ਰੋਮਾਂਚਕ ਸਥਾਨ ਬਣ ਗਿਆ ਹੈ, ਬਲਕਿ ਇੱਥੋਂ ਦਿਖਾਈ ਦੇਣ ਵਾਲੇ ਡੁੱਬਦੇ ਸੂਰਜ ਅਤੇ ਉੱਤਰੀ ਰੌਸ਼ਨੀ (ਪੋਲਰ ਲਾਈਟਾਂ) ਦਾ ਦ੍ਰਿਸ਼ ਵੀ ਲੋਕਾਂ ਨੂੰ ਬਹੁਤ ਆਕਰਸ਼ਿਤ ਕਰਦਾ ਹੈ।*



# BRAMPTON CASH AND CARRY

| | |
|---|---|
| **WHOLESALER** | **IMPORTER** |
| **DISTRIBUTOR** | **RETAILER** |

**Wholesaler, Importer, Distributor & Retailer of Restaurants Supply**








BRAMPTON
CASH & CARRY

Brampton CashandCarry2023@gmail.com

**905-230-4800**

**100 Kennedy Road S., Brampton, ON L6W 3E7**

HURRY!

SPECIAL OFFER

BRAMPTON CASH & CARRY
Importer | Wholesaler | Retailer

WHITE ONION– 50 POUND

22 $




BUY NOW

T&C APPLY

100 Kennedy Rd S,
Brampton, ON L6W 3E7, Canada

905-230-4800

HURRY!

SPECIAL OFFER

BRAMPTON CASH & CARRY
Importer | Wholesaler | Retailer

BRAR BESAN SUPER FINE

9.99 $




BRAR SWEET CORN FLOUR




4.99 $

SHER WHITE WHOLE WHEAT ATTA

15.99 $




BUY NOW

T&C APPLY

100 Kennedy Rd S,
Brampton, ON L6W 3E7, Canada

905-230-4800


GRAND
OPENING
3643 PORTAGE RD, NIAGARA FALLS
CONTACT: +1 (416)700-9100
COMING
SOON
BRAMPTON CASH
AND CARRY
BRAMPTON
CASH & CARRY
IMPORTER | WHOLESALER | RETAILER
OPEN EVERYDAY FROM
9:00 AM TO 9:00 PM


Weight
10 Pond
Price
$5.99
BRAMPTON
CASH & CARRY
BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800